# Bookbug ਬਾਰੇ ਸਾਰੀ ਜਾਣਕਾਰੀ




**Bookbug, ਨੰਨ੍ਹੇ ਬੱਚਿਆਂ ਅਤੇ ਨਿਆਣਿਆਂ ਲਈ Scottish Book Trust ਦਾ ਪ੍ਰੋਗਰਾਮ ਹੈ।**

- ਆਪਣੇ ਬੱਚੇ ਨਾਲ ਮਿਲ ਕੇ ਕਿਤਾਬਾਂ ਪੜ੍ਹਹਨ ਨਾਲ ਉਸਦਾ ਵਿਕਾਸ ਹੁੰਦਾ ਹੈ ਅਤੇ ਉਸਨੂੰ ਭਾਸ਼ਾ ਅਤੇ ਸਮਾਜਿਕ ਹੁਨਰ ਵਿੱਚ ਮਦਦ ਮਿਲਦੀ ਹੈ।

- ਜਦੋਂ ਤੁਹਾਡੇ ਬੱਚੇ ਤੁਹਾਨੂੰ ਆਪਣੀ ਭਾਸ਼ਾ ਵਿੱਚ ਗਾਉਂਦੇ ਅਤੇ ਗੱਲ ਕਰਦੇ ਸੁਣਦੇ ਹਨ ਅਤੇ ਜਦੋਂ ਤੁਸੀ ਉਨ੍ਹਾਂ ਨੂੰ ਆਪਣੀ ਭਾਸ਼ਾ ਵਿੱਚ ਕੁਝ ਪੜ੍ਹ ਕੇ ਸੁਣਾਉਂਦੇ ਹੋ ਤਾਂ ਉਨ੍ਹਾਂ ਨੂੰ ਬਹੁਤ ਲਾਭ ਮਿਲਦਾ ਹੈ।

- ਆਪਣੇ ਬੱਚੇ ਨੂੰ ਆਪਣੀ ਭਾਸ਼ਾ ਵਿੱਚ ਤਸਵੀਰਾਂ ਦੀ ਵਰਤੋਂ ਕਰਕੇ ਕਹਾਣੀ ਸੁਣਾਉਣ ਲਈ ਉਸਨੂੰ Bookbug ਬੈਗਾਂ ਦੀਆਂ ਕਿਤਾਬਾਂ ਦਿਓ ਅਤੇ ਇਨ੍ਹਾਂ ਦਾ ਆਨੰਦ ਮਾਣੋ।

**scottishbooktrust.com/bookbug-in-other-languages**

Scottish Book Trust

# Bookbug ਦੇ ਬੈਗ

ਸਕਾਟਲੈਂਡ ਦਾ ਹਰ ਬੱਚਾ ਕਿਤਾਬਾਂ ਦੇ ਚਾਰ ਬੈਗ ਮੁਫ਼ਤ ਪ੍ਰਾਪਤ ਕਰਨ ਦਾ ਹੱਕਦਾਰ ਹੈ:



### ਬੇਬੀ ਬੈਗ

ਜਦੋਂ ਤੁਹਾਡਾ ਬੱਚਾ 3–5 ਹਫ਼ਤੇ ਦਾ ਹੋਵੇ ਤਾਂ ਆਪਣੇ ਹੈਲਥ ਵਜ਼ਿਟਰ ਤੋਂ ਪ੍ਰਾਪਤ ਕਰੋ।



### ਟੌਡਲਰ ਬੈਗ

ਜਦੋਂ ਤੁਹਾਡਾ ਬੱਚਾ 13–15 ਮਹੀਨਿਆਂ ਦਾ ਹੋਵੇ ਤਾਂ ਆਪਣੇ ਹੈਲਥ ਵਜ਼ਿਟਰ ਤੋਂ ਪ੍ਰਾਪਤ ਕਰੋ।



### ਐਕਸਪਲੋਰਰ ਬੈਗ

ਜਦੋਂ ਤੁਹਾਡਾ ਬੱਚਾ 3 ਸਾਲ ਦਾ ਹੋਵੇ ਤਾਂ ਆਪਣੇ ਬੱਚੇ ਦੀ ਨਰਸਰੀ ਜਾਂ ਚਾਈਲਡ ਮਾਈਂਡਰ ਤੋਂ ਪ੍ਰਾਪਤ ਕਰੋ।



### ਪ੍ਰਾਇਮਰੀ 1 ਫੈਮਿਲੀ ਬੈਗ

ਜਦੋਂ ਤੁਹਾਡਾ ਬੱਚਾ P1 ਵਿੱਚ ਹੋਵੇ ਤਾਂ ਉਸਦੇ ਸਕੂਲ ਤੋਂ ਪ੍ਰਾਪਤ ਕਰੋ।

ਗੇਲਿਕ ਵਿੱਚ ਦਿਲਚਸਪੀ ਰੱਖਣ ਵਾਲੇ ਪਰਿਵਾਰਾਂ ਲਈ Gaelic Bookbug ਬੈਗ ਉਪਲਬਧ ਹਨ।
ਵਾਧੂ ਸਹਾਇਤਾ ਦੀਆਂ ਲੋੜਾਂ ਵਾਲੇ ਬੱਚਿਆਂ ਲਈ ਟੇਕਟਾਈਲ ਕਿਤਾਬਾਂ ਉਪਲਬਧ ਹਨ।

# Bookbug ਦੇ ਮੁੱਖ ਸੁਝਾਅ



### ਇੱਕ ਕਹਾਣੀ ਪੜ੍ਹੋ

ਆਪਣੇ ਬੱਚੇ ਨੂੰ ਛੋਟੇ ਹੁੰਦੇ ਤੋਂ ਹੀ ਕਹਾਣੀਆਂ ਪੜ੍ਹ ਕੇ ਸੁਣਾਓ। ਉਨ੍ਹਾਂ ਨੂੰ ਤੁਹਾਡੀ ਆਵਾਜ਼ ਚੰਗੀ ਲੱਗਦੀ ਹੈ। ਤੁਹਾਨੂੰ ਗਲਵੱਕੜੀ ਪਾਉਣੀ ਅਤੇ ਤੁਹਾਡੇ ਨਾਲ ਸਮਾਂ ਬਿਤਾਉਣਾ ਉਨ੍ਹਾਂ ਲਈ ਬਹੁਤ ਫ਼ਾਇਦੇਮੰਦ ਹੁੰਦਾ ਹੈ।



### ਬੱਚੇ ਨੂੰ ਗਲਵੱਕੜੀ ਪਾਓ

ਇੱਕ ਕਿਤਾਬ ਪੜ੍ਹਨ ਦਾ ਸਮਾਂ ਆਪਣੇ ਬੱਚੇ ਨੂੰ ਗਲਵੱਕੜੀ ਪਾਉਣ ਦਾ ਬਿਲਕੁਲ ਸਹੀ ਸਮਾਂ ਹੁੰਦਾ ਹੈ। ਇਹ ਤੁਹਾਡੇ ਬੱਚੇ ਨੂੰ ਸਹਿਜ ਮਹਿਸੂਸ ਕਰਵਾਉਂਦੀ ਹੈ ਅਤੇ ਵਧਣ-ਫੁੱਲਣ ਵਿੱਚ ਉਸਦੀ ਮਦਦ ਕਰਦੀ ਹੈ।



### ਕੋਈ ਗੀਤ ਜਾਂ ਕਵਿਤਾ ਸੁਣਾਓ

ਗੀਤਾਂ ਅਤੇ ਕਵਿਤਾਵਾਂ ਵਿੱਚ ਵੱਖੋ-ਵੱਖਰੀਆਂ ਆਵਾਜ਼ਾਂ ਸੁਣਨ ਨਾਲ ਬੋਲੀ ਅਤੇ ਭਾਸ਼ਾ ਦੇ ਵਿਕਾਸ ਵਿੱਚ ਮਦਦ ਮਿਲਦੀ ਹੈ। ਮਿਲ ਕੇ ਕੋਈ ਕਵਿਤਾ ਗਾਓ।



### ਆਰਾਮ ਕਰੋ ਅਤੇ ਆਨੰਦ ਮਾਣੋ

ਤੁਸੀਂ ਆਪਣੇ ਬੱਚੇ ਨਾਲ ਕਿਤਾਬਾਂ ਪੜ੍ਹਨ, ਗੀਤ ਜਾਂ ਕਵਿਤਾ ਗਾਉਣ ਲਈ ਸਭ ਤੋਂ ਸਹੀ ਵਿਅਕਤੀ ਹੋ! ਕੋਈ ਤਰੀਕਾ ਸਹੀ ਜਾਂ ਗਲਤ ਨਹੀਂ ਹੁੰਦਾ - ਬਸ ਉਹੀ ਕਰੋ ਜੋ ਤੁਹਾਡੇ ਲਈ ਚੰਗਾ ਹੈ ਅਤੇ ਮਿਲ ਕੇ ਆਨੰਦ ਮਾਣੋ।

## Bookbug ਸੈਸ਼ਨਾਂ ਵੱਚਿ ਆਓ!

ਆਪਣੇ ਛੋਟੇ ਬੱਚੇ ਨੂੰ ਆਪਣੀ ਸਥਾਨਕ ਲਾਇਬ੍ਰੇਰੀ ਜਾਂ ਕਮਊਿਨਟਿੀ ਵੇਨਯੂ ਵਖਿੇ ਕਹਾਣੀ, ਗੀਤ ਅਤੇ ਕਵ੍ਤਿਾ ਦੇ ਮੁਫ਼ਤ ਸੈਸ਼ਨਾਂ ਲਈ ਲਆਿਓ। ਸਾਡੀ ਵੈੱਬਸਾਈਟ ’ਤੇ ਜਾ ਕੇ ਆਨਲਾਈਨ ਜਾਂ ਸਥਾਨਕ ਸੈਸ਼ਨ ਬਾਰੇ ਪਤਾ ਕਰੋ।

## ਅੱਜ ਇੱਕ ਕਵਤਿਾ ਪੜ੍ਹਨ ਦੀ ਕੋਸ਼ਸ਼ਿ ਕਰੋ

### ਟਮਿ ਟਮਿ ਕਰਦੇ ਨੱਿਕੇ-ਨੱਿਕੇ ਤਾਰੇ



ਟਮਿ ਟਮਿ ਕਰਦੇ ਨੱਿਕੇ-ਨੱਿਕੇ ਤਾਰੇ
ਲੱਗਦੇ ਸਾਨੂੰ ਬਹੁਤ ਪਆਿਰੇ!
ਜੀ ਕਰਦਾ ਮੈਂ ਵੇਖੀ ਜਾਵਾਂ,
ਆਪਣੇ ਵਹਿੜੇ ਵੱਚਿ ਸਜਾਵਾਂ।
ਟਮਿ ਟਮਿ ਕਰਦੇ ਨੱਿਕੇ-ਨੱਿਕੇ ਤਾਰੇ,
ਲੱਗਦੇ ਸਾਨੂੰ ਬਹੁਤ ਪਆਿਰੇ!

ਸਾਡੀ ਵੈੱਬਸਾਈਟ ’ਤੇ ਜਾ ਕੇ ਗੀਤ ਸੁਣੋ:
**scottishbooktrust.com/twinkle-twinkle**

ਸਾਡੀ ਵੈੱਬਸਾਈਟ ਅਤੇ Bookbug ਐਪ ’ਤੇ ਹੋਰ ਗੀਤ ਅਤੇ ਕਵਤਿਾਵਾਂ ਦੇਖੋ।:
**scottishbooktrust.com/bookbug**

*Illustrations by Debi Gliori.*

*Scottish Book Trust is a national charity changing lives through reading and writing.*

*We acknowledge the support of the Scottish Government Improving Health and Wellbeing Division for the continued funding of the Bookbug programme.*

Smarter Scotland
Scottish Government